# I.K.GUJRAL
# PUNJAB TECHNICAL UNIVERSITY JALANDHAR

https://mohali.ptu.ac.in/
MOHALI CAMPUS-I Mob.-9463383753

**(A State Govt. Technical University Campus)**

## ਨਿਲਾਮੀ ਨੋਟਿਸ

ਯੂਨੀਵਰਸਿਟੀ ਦੇ ਮੋਹਾਲੀ ਕੈਂਪਸ-। ਵਿਖੇ ਸਥਿਤ ਚਾਰ ਸਫੈਦੇ ਦੇ ਰੁੱਖਾਂ (ਨੰ: 120, 123, 124 ਅਤੇ 126) ਦੀ ਨਿਲਾਮੀ ਮਿਤੀ **04.07.2023** ਨੂੰ ਮੋਹਾਲੀ ਕੈਂਪਸ-।, ਸੀ-102/ਬੀ, ਇੰਡਸਟਰੀਅਲ ਏਰੀਆ, ਫੇਜ਼ 7, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਸਵੇਰੇ 11:00 ਵਜੇ ਸ਼ੁਰੂ ਕੀਤੀ ਜਾਵੇਗੀ। ਸਬੰਧਤ ਫਰਮਾਂ ਮੌਕੇ ਤੇ ਹਾਜ਼ਰ ਹੋ ਕੇ ਬੋਲੀ ਦੇ ਸਕਦੀਆਂ ਹਨ। ਬੋਲੀ ਦੀਆਂ ਸ਼ਰਤਾਂ ਯੂਨੀਵਰਸਿਟੀ/ਕੈਂਪਸ ਦੇ ਵੈਬਸਾਇਟ ਲਿੰਕ **https://ptu.ac.in/advertisements/** ਜਾਂ **https://mohali.ptu.ac.in/Downloads** ਤੇ ਹੀ ਦੇਖੀਆਂ ਜਾ ਸਕਦੀਆਂ ਹਨ।

ਨੋਟ- ਇਸ ਇਸ਼ਤਿਹਾਰ ਸਬੰਧੀ ਕਿਸੇ ਵੀ ਤਰ੍ਹਾਂ ਦੀ ਸੋਧ/ਨੋਟਿਸ ਆਦਿ ਸਿਰਫ ਯੂਨੀਵਰਸਿਟੀ/ ਕੈਂਪਸ ਦੇ ਵੈਬਸਾਈਟ ਲਿੰਕ **https://ptu.ac.in/advertisements/** ਜਾਂ **https://mohali.ptu.ac.in/Downloads** ਉਪਰ ਹੀ ਅਪਲੋਡ ਕੀਤਾ ਜਾਵੇਗਾ।

***Advt. No. 2023/06/02***

**ਰਜਿਸਟਰਾਰ**

# <u>ਆਈ.ਕੇ.ਜੀ.ਪੀ.ਟੀ.ਯੂ. ਮੋਹਾਲੀ ਕੈਂਪਸ-1 ਵਿਖੇ ਸਫੇਦੇ ਦੇ ਚਾਰ ਰੁੱਖਾਂ ਦੀ ਨਿਲਾਮੀ ਸਬੰਧੀ ਸ਼ਰਤਾਂ</u>

1. ਵਣ ਮੰਡਲ, ਮੋਹਾਲੀ ਦੇ ਰੇਂਜ ਅਫਸਰ ਵੱਲੋਂ ਇਹਨਾ ਸਫੇਦੇ ਦੇ ਰੁੱਖਾਂ (ਨੰ:120, 123, 124, 126) ਦੀ ਘਟੋਂ ਘੱਟ ਕੀਮਤ 44223/- ਰੁਪਏ ਦੱਸੀ ਗਈ ਹੈ। ਬੋਲੀ ਵਿੱਚ ਹਿੱਸਾ ਲੈਣ ਵਾਲਿਆਂ ਤੋਂ 10000/- ਰੁਪਏ ਬਤੌਰ ਸਕਿਊਰਟੀ ਲਈ ਜਾਵੇਗੀ। ਇਹ ਸਕਿਊਰਟੀ ਡਰਾਫਟ (In favour of Registrar, IKGPTU payable at Kapurthala) ਦੇ ਰੂਪ ਵਿੱਚ ਲਈ ਜਾਵੇਗੀ ਅਤੇ ਅਸਫਲ ਬੋਲੀਕਾਰਾਂ ਨੂੰ ਇਹ ਸਕਿਊਰਟੀ ਮੌਕੇ ਤੇ ਹੀ ਵਾਪਿਸ ਕਰ ਦਿੱਤੀ ਜਾਵੇਗੀ।
2. ਸੰਭਾਵੀ ਬੋਲੀਕਾਰ ਬੋਲੀ ਦਾ ਹਵਾਲਾ ਦੇਣ ਤੋਂ ਪਹਿਲਾਂ ਸਾਈਟ 'ਤੇ ਦਰਖਤਾਂ ਦਾ ਮੁਆਇਨਾ (ਦਫਤਰੀ ਕੰਮ ਕਾਜ ਵਾਲੇ ਦਿਨ 9 ਤੋਂ 5 ਵਜੇ ਤੱਕ) ਕਰ ਸਕਦੇ ਹਨ ਅਤੇ ਖੁਦ ਉਪਰੋਕਤ ਦਰਖਤਾਂ ਦੀ ਕਿਸਮ ਅਤੇ ਮਾਪਾਂ ਦੀ ਪੁਸ਼ਟੀ ਕਰ ਸਕਦੇ ਹਨ। ਕਿਸਮ ਅਤੇ ਮਾਪ ਵਿੱਚ ਭਿੰਨਤਾ ਦੇ ਕਾਰਨ ਬਾਅਦ ਵਿੱਚ ਕੋਈ ਦਾਅਵਾ ਨਹੀਂ ਮੰਨਿਆ ਜਾਵੇਗਾ।
3. ਸਫਲ ਬੋਲੀਕਾਰ ਵੱਲੋਂ ਰੁੱਖਾਂ ਦੀ ਕਟਾਈ ਤੋਂ ਬਾਅਦ ਹਟਾਉਣ ਅਤੇ ਨਿਪਟਾਰੇ ਲਈ ਸਮਾਂ ਸੀਮਾ ਸਵੀਕ੍ਰਿਤੀ ਪੱਤਰ ਜਾਰੀ ਕਰਨ ਦੀ ਮਿਤੀ ਤੋਂ 01 ਮਹੀਨੇ ਹੋਵੇਗੀ।
4. ਸਫਲ ਬੋਲੀਕਾਰ ਨੂੰ ਵਰਕ ਆਡਰ ਜਾਰੀ ਹੋਣ ਤੋਂ 5 ਦਿਨ ਦੇ ਅੰਦਰ ਅੰਦਰ ਬੈਂਕ ਡਰਾਫਟ ਦੇ ਰੂਪ ਵਿੱਚ ਪੂਰੀ ਬੋਲੀ ਦੀ ਰਕਮ ਜਮ੍ਹਾ ਕਰਵਾਉਣੀ ਪਵੇਗੀ ਅਤੇ ਸਕਿਊਰਟੀ ਦੀ ਰਕਮ 10,000 ਰੁਪਏ ਕੁੱਲ ਰਕਮ ਵਿੱਚ ਅਡਜਸਟ ਕਰ ਲਈ ਜਾਵੇਗੀ।
5. ਸਫਲ ਬੋਲੀਕਾਰ ਵੱਲੋਂ ਰੁੱਖਾਂ ਨੂੰ ਜੜ੍ਹਾਂ ਸਮੇਤ ਪੁੱਟ ਦਿੱਤਾ ਜਾਵੇਗਾ ਅਤੇ ਪੂਰੀ ਤਰ੍ਹਾਂ ਹਟਾ ਦਿੱਤਾ ਜਾਵੇਗਾ। ਜੜ੍ਹਾਂ ਨੂੰ ਹਟਾਉਣ ਦੇ ਕਾਰਨ ਬਣੇ ਟੋਇਆਂ ਨੂੰ ਮਿੱਟੀ ਨਾਲ ਭਰਿਆ ਜਾਣਾ ਚਾਹੀਦਾ ਹੈ।
6. ਸਫਲ ਬੋਲੀਕਾਰ ਨੂੰ ਆਪਣੇ ਖਰਚੇ ਤੇ ਹੀ ਦਰਖਤਾਂ ਦੀ ਕਟਾਈ ਚੁਕਵਾਈ ਦਾ ਕੰਮ ਆਪਣੇ ਖਰਚੇ ਤੇ ਕਰਨਾ ਪਵੇਗਾ
7. ਦਰਖਤਾਂ ਦੀ ਕਟਾਈ ਸਮੇਂ ਕੈਂਪਸ ਦੀ ਇਮਾਰਤ ਜਾਂ ਕਿਸੇ ਪ੍ਰਾਪਟੀ ਦਾ ਨੁਕਸਾਨ ਹੋਣ ਦੀ ਸੂਰਤ ਵਿੱਚ ਨੁਕਸਾਨ ਦੀ ਭਰਭਾਈ ਸਫਲ ਬੋਲੀਕਾਰ ਵੱਲੋਂ ਮੌਕੇ ਤੇ ਜਮ੍ਹਾਂ ਕਰਵਾਈ ਜਾਵੇਗੀ।
8. ਉਪਰੋਕਤ ਸ਼ਰਤਾਂ ਦੀ ਪੂਰਤੀ ਨਾ ਹੋਣ ਦੀ ਸੂਰਤ ਵਿੱਚ ਸਫਲ ਬੋਲੀਕਾਰ ਦੀ ਜਮ੍ਹਾਂ ਕਰਵਾਈ ਗਈ ਰਾਸ਼ੀ ਜਬਤ ਕਰ ਲਈ ਜਾਵੇਗੀ ਜੋ ਕਿ Non refundable ਹੋਵੇਗੀ।